**ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ:)ਪੰਜਾਬ,ਐਸ.ਏ.ਐਸ.ਨਗਰ**

(ਸਪੋਰਟਸ ਸ਼ਾਖਾ)

ਪੰਜਾਬ ਰਾਜ ਦੇ ਸਮੂਹ

1. ਜਿਲਾ ਸਿੱਖਿਆ ਅਫਸਰ (ਸੈ:ਸਿ:)
2. ਜਿਲਾ ਸਿੱਖਿਆ ਅਫਸਰ (ਐਲੀ.ਸਿ.)

ਮੀਮੋ ਨੰ: ਸਪੋ./ਮੈਰਾਥਨ-2018 ਸਪੋਰਟਸ ਕਮੇਟੀ

ਮਿਤੀ,ਐਸ.ਏ.ਐਸ.ਨਗਰ : 06-07-2018

ਵਿਸ਼ਾ : ਮਿਤੀ 07-07-2018 ਨੂੰ ਲਗਵਾਈ ਜਾਣ ਵਾਲੀ ਮੈਰਾਥਨ ਦੌੜ ਸਬੰਧੀ ।

ਹਵਾਲਾ : ਵਿਭਾਗ ਦੇ ਪੱਤਰ ਨੰ:ਸਪੋ./ਮੈਰਾਥਨ-2018 ਸਪੋਰਟਸ ਕਮੇਟੀ ਮਿਤੀ 04-07-2018 ਦੇ ਸਬੰਧ ਵਿਚ ।

ਉਪਰੋਕਤ ਅੰਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਅੰਸਿਕ ਸੋਧ ਕਰਦੇ ਹੋਏ ਸਪਸਟ ਕੀਤਾ ਜਾਂਦਾ ਕਿ :-

1. ਆਪਣੇ ਪੱਧਰ ਤੇ ਪੜਤਾਲ ਕਰਨ ਉਪਰੰਤ ਜਿਹੜੇ ਪ੍ਰਾਇਮਰੀ,ਮਿਡਲ,ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲਾਂ ਕੋਲ ਆਪਣੇ ਗਰਾਉਂਡ ਨਹੀਂ ਹਨ ਜਾਂ ਮੈਰਾਥਨ ਦੌੜ ਲਗਵਾਉਣ ਲਈ ਯੋਗ ਥਾਂ ਨਹੀਂ ਹੈ ਜਾਂ ਮੈਰਾਥਨ ਦੌੜ ਲਗਵਾਉਣ ਕਾਰਣ ਉਸ ਸ਼ਹਿਰ ਜਾਂ ਕਸਬੇ ਦੀ ਲੋਕਲ ਐਡਮਨਿਸਟ੍ਰੇਸ਼ਨ ਜਾਂ ਟ੍ਰੈਫਿਕ ਪ੍ਰਭਾਵਿਤ ਹੁੰਦੀ ਹੈ ਅਜਿਹੇ ਸਕੂਲਾਂ ਨੂੰ ਮੈਰਾਥਨ ਦੌੜ ਲਗਾਉਣ ਲਈ ਮਜਬੂਰ ਨਾ ਕੀਤਾ ਜਾਵੇ। ਇਸ ਸਮੇਂ ਦੌਰਾਨ ਬੱਚਿਆਂ ਨੂੰ ਸਕੂਲ ਦੇ ਦਾਇਰੇ ਅੰਦਰ ਹੀ ਪੀ.ਟੀ.,ਕਸਰਤ ਜਾਂ ਯੋਗਾ ਕਰਵਾਉਣ ਉਪਰੰਤ ਛੋਟੀਆਂ ਦੌੜਾਂ ਜਾਂ ਹੋਰ ਛੋਟੀਆਂ ਖੇਡਾਂ ਦੇ ਮੁਕਾਬਲੇ ਕਰਵਾਏ ਜਾਣ ਅਤੇ ਜੇਤੂ ਖਿਡਾਰੀ/ਖਿਡਾਰਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇ ।

2. ਸਮੂਹ ਸਕੂਲ ਮੁੱਖੀਆਂ ਨੂੰ ਤੁਰੰਤ ਆਦੇਸ਼ ਦਿੱਤੇ ਜਾਣ ਕਿ ਇਸ ਗੱਲ ਦਾ ਵਿਸ਼ੇਸ ਧਿਆਨ ਰੱਖਿਆ ਜਾਵੇ ਕਿ ਜਿਹੜੇ ਅਧਿਆਪਕ (ਖਾਸਕਰ ਅਧਿਆਪਕਾਂਵਾਂ) ਮੈਰਾਥਨ ਦੌੜ ਲਗਾਉਣ ਤੋਂ ਕਿਸੇ ਵੀ ਕਾਰਣ ਅਸਮਰਥ ਹਨ ਉਹਨਾਂ ਨੂੰ ਦੌੜ ਲਗਾਉਣ ਲਈ ਮਜਬੂਰ ਨਾ ਕੀਤਾ ਜਾਵੇ। ਅਧਿਆਪਕਾ ਦੀ ਇਸ ਕਾਰਜ ਲਈ ਕੀਤੇ ਜਾਣ ਵਾਲੇ ਹੋਰ ਪ੍ਰਬੰਧਾਂ ਜਿਵੇਂ ਕਿ ਭਾਸ਼ਣ ਤਿਆਰ ਕਰਨਾ ਆਦਿ ਲਈ ਡਿਊਟੀ ਲਗਾ ਦਿੱਤੀ ਜਾਵੇ ।

3. ਮੈਰਾਥਨ ਦੌੜ ਲਗਾਉਣ ਵਾਲੇ ਵਿਦਿਆਰਥੀ,ਵਿਦਿਆਰਥਣਾਂ,ਅਧਿਆਪਕ ਅਤੇ ਅਧਿਆਪਕਾਂਵਾਂ ਦੇ ਚੈਸਟ ਤੇ ਪੇਪਰ ਉਪਰ 'ਖੇਡੋ ਪੰਜਾਬ ਪੜ੍ਹੋ ਪੰਜਾਬ' ਪ੍ਰਿੰਟ ਕਰਵਾਕੇ ਪਿੰਨਅੱਪ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ ।

6/7/18

ਡਿਪਟੀ ਡਾਇਰੈਕਟਰ(ਫਿਜੀ:ਐਜੂ:)

ਪਿੱਠ ਅੰਕਣ ਨੰ: ਉਕਤ ਮਿਤੀ,ਐਸ.ਏ.ਐਸ.ਨਗਰ :

ਉਪਰੋਕਤ ਦਾ ਉਤਾਰਾ ਵੱਖ ਵੱਖ ਡਾਇਰੈਕਟੋਰੇਟ ਵੱਲੋਂ ਨਿਯੁਕਤ ਕੀਤੇ ਨੋਡਲ ਅਫਸਰਾਂ ਨੂੰ ਭੇਜਦੇ ਹੋਏ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਸਹੂਲਤ ਦੇ ਮੁਤਾਬਿਕ ਆਪਣੇ ਨਜ਼ਦੀਕੀ ਸਕੂਲਾਂ ਵਿਚ ਲਗਵਾਈ ਜਾ ਰਹੀ ਮੈਰਾਥਨ ਦੌੜ ਵਿਚ ਸ਼ਾਮਿਲ ਹੋਣ ਅਤੇ ਉਸ ਦਾ ਜ਼ਾਇਜਾ ਲੈਣ ।

ਡਿਪਟੀ ਡਾਇਰੈਕਟਰ (ਫਿਜੀ:ਐਜੂ:)